ਰੋਜ਼ਾਨਾ ਮੀਡੀਆ ਪੰਜਾਬ
ਪੰਜਾਬੀਅਤ ਦਾ ਪਹਿਰੇਦਾਰ
ਰੋਜ਼ਾਨਾ ਮੀਡੀਆ ਪੰਜਾਬ ਜਰਮਨੀ
ਜਰਮਨੀ ਅਤੇ ਪੰਜਾਬ ਤੋਂ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ


ਬਈ ਧਮਾਕਿਆਂ ਦੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਪ੍ਰਧਾਨ ਮੰਤਰੀ, ਹਰ ਹਮਲਾ ਰੋਕਣਾ ਮੁਸ਼ਕਲ : ਰਾਹੁਲ-ਦੇਸ਼ ਦੇ ਪ੍ਰਧਾਨ

# ਇੰਡੀਅਨ ਸਪੋਰਟਸ ਕੱਲਬ ਡੈਨਮਾਰਕ ਵੱਲੋ 7ਵਾਂ ਖੇਡ ਮੇਲਾ 30-31 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ।




ਓਸਲੋ 14 ਜੁਲਾਈ (ਰੁਪਿੰਦਰ ਢਿੱਲੋ ਮੋਗਾ)-ਇੰਡੀਅਨ ਸਪੋਰਟਸ ਕੱਲਬ ਡੈਨਮਾਰਕ ਵੱਲੋ ਪ੍ਰੈਸ ਨੂੰ ਭੇਜੀ ਜਾਣਕਾਰੀ ਅਨੁਸਾਰ ਕੱਲਬ ਵੱਲੋ ਇਸ ਸਾਲ ਵੀ ਖੇਡ ਮੇਲਾ ਬੜੀ ਧੂਮ ਧਾਮ ਨਾਲ 30-31 ਜੁਲਾਈ ਨੂੰ ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਦੇਘਰ8ਨਦਓਲ ਛਣਨਟਰਣਟ, ਵਦਿਕਲਿਦਣਵਣਜ 64, 2400 ਖ8ਬਣਨਹਓਵਨ ਇਲਾਕੇ ਵਿਖੇ ਕਰਵਾਇਆ ਜਾ ਰਿਹਾ ਹੈ ਇਸ ਟੂਰਨਾਮੈਂਟ ਚ ਡੈਨਮਾਰਕ ਤੋ ਇਲਾਵਾ ਸਵੀਡਨ ਅਤੇ ਨਾਰਵੇ ਤੋ ਵਾਲੀਬਾਲ ਅਤੇ ਕੱਬਡੀ ਟੀਮਾ ਪਹੁੰਚ ਰਹੀਆ ਹਨ। ਇਸ ਤੋ ਇਲਾਵਾ ਬੱਚੇ ਬੱਚੀਆ ਦੇ ਲਈ ਵੱਖ ਵੱਖ ਪ੍ਰਕਾਰ ਦੀ ਖੇਡਾਂ ਦਾ ਵੀ ਪ੍ਰੰਬੱਧ ਕੀਤਾ ਗਿਆ ਹੈ ਲੜਕੀਆ ਅਤੇ ਅਰੋਤਾ ਦੇ ਲਈ ਰੇਸਾ ਤੋ ਇਲਾਵਾ ਗੋਲਾ ਸੁੱਟਣਾ, ਰੱਸਾਕੱਸੀ ਆਦਿ ਖੇਡ ਮੇਲਾ ਦਾ ਮੁੱਖ ਆਕਰਸ਼ਣ ਹੋਵੇਗਾ। ਦੋ ਦਿਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇੰਡੀਅਨ ਸਪੋਰਟਸ ਕੱਲਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੋਹਲ(ਜਨੇਤਪੁਰੀਆ),ਸ੍ ਜੁਗਰਾਜ ਸਿੰਘ ਤੂਰ (ਰਾਜੂ ਸੱਵਦੀ ਵਾਲਾ)ਮੀਤ ਪ੍ਰਧਾਨ,ਖਜ਼ਾਨਚੀ ਗੁਰਪ੍ਰੀਤ ਸਿੰਘ ਸੰਘੇੜਾ(ਬਿਲਗਾ),ਸੱਕਤਰ ਹਰਤੀਰਥ ਸਿੰਘ ਥਿੰਦ(ਪਰਜੀਆਂ ਕਲਾਂ),ਜਨਰਲ ਸੱਕਤਰ ਮਨਜੀਤ ਸਿੰਘ ਸੰਘਾ(ਮੋਗਾ), ਸ੍ ਗੁਰਵਿੰਦਰ ਸਿੰਘ,ਸ੍ ਰੁਪਿੰਦਰ ਸਿੰਘ ਬਾਵਾ, ਸ੍ ਲਾਭ ਸਿੰਘ ਰਾਉਕੇ ਮੋਗਾ, ਸ੍ ਅਵਤਾਰ ਸਿੰਘ ,ਸ੍ ਭਗਵਾਨ ਸਿੰਘ ਭਾਨਾ(ਮੋਗਾ ਵਾਲਾ) ਸਾਰੇ ਸਲਾਹਾਕਾਰ ਅਤੇ ਸਮੂਹ ਇੰਡੀਅਨ ਸਪੋਰਟਸ ਕੱਲਬ ਦੇ ਮੈਬਰਾ ਵੱਲੋ ਸਕੈਨਡੀਨੇਵੀਅਨ ਅਤੇ ਯਰੋਪ ਭਰ ਦੇ ਖੇਡ ਪ੍ਰੇਮੀਆ ਨੂੰ ਜੀ ਆਇਆ ਨੂੰ ਅਤੇ ਖੁੱਲਾ ਸੱਦਾ ਹੈ ਕਿ ਇਸ ਖੇਡ ਮੇਲੇ ਚ ਹਾਜ਼ਿਰ ਹੋ ਖੇਡ ਮੇਲਾ ਦੀ ਰੋਣਕ ਵਧਾਉ। ਵਧੇਰੇ ਜਾਣਕਾਰੀ ਲਈ ਸ੍ ਹਰਤੀਰਥ ਸਿੰਘ ਥਿੰਦ ਨੂੰ 0045+20 24 02 89 ,ਸ੍ ਗੁਰਪ੍ਰੀਤ ਸਿੰਘ ਸੰਘੇੜਾ 0045+ 22 38 27 05 , ਸ੍ ਜੁਗਰਾਜ ਸਿੰਘ 00 45+ 40 98 06 92 ਤੇ ਸੰਪਰਕ ਕੀਤਾ ਜਾ ਸੱਕਦਾ ਹੈ।